ਈ-ਮੇਲ :
info@sgpc.net

੧ੴ ਵਾਹਿਗੁਰੂ ਜੀ ਕੀ ਫ਼ਤਹ ॥

199/7-18/5000
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ।

ਨੰਬਰ__________ ਮਿਤੀ__________

**ਸਾਲ 2019 (1 ਸਾਲ) ਲਈ ਮੈਡੀਕਲੇਮ ਬੀਮੇ ਸਬੰਧੀ ਲਈਆਂ ਜਾਣ ਵਾਲੀਆਂ ਸਹੂਲਤਾਂ (ਕੁੱਲ 04 ਵਰਕੇ):-**

**ਮੈਡੀਕਲ ਕਲੇਮ ਲੈਣ ਸਬੰਧੀ ਹਸਪਤਾਲ ਵਿਖੇ 24 ਘੰਟੇ ਦਾਖਲ ਹੋਣਾ ਜਰੂਰੀ ਹੋਵੇਗਾ।**

1. ਬੀਮਾਧਾਰਕ ਦਾ ਇਲਾਜ ਕੰਪਨੀ ਵੱਲੋਂ ਕੈਸ਼ ਲੈਸ ਕਰਾਉਣਾ ਹੋਵੇਗਾ। ਬੀਮਾਰੀ ਦੀ ਹਾਲਤ ਵਿੱਚ ਦਾਖਲ ਹੋਣ ਉਪਰੰਤ ਡਾਕਟਰ ਵੱਲੋਂ ਸੁਝਾਏ ਟੈਸਟ,ਐਕਸਰੇ,ਅਲਟਰਾਸਾਊਂਡ,ਐਮ.ਆਰ. ਆਈ, ਸੀ.ਟੀ. ਸਕੈਨ, ਆਦਿ ਹਸਪਤਾਲ ਵੱਲੋਂ ਕਰਵਾਉਣੇ ਹੋਣਗੇ।ਉਕਤ ਟੈਸਟਾਂ ਆਦਿ ਦੇ ਖਰਚੇ ਹਸਪਤਾਲ ਵੱਲੋਂ ਹੀ ਕਰਨੇ ਹੋਣਗੇ। ਨਵੀਆਂ ਅਤੇ ਪੁਰਾਣੀਆਂ ਬੀਮਾਰੀਆਂ ਪਹਿਲੇ ਦਿਨ ਤੋਂ ਹੀ ਕਵਰ ਹੋਣਗੀਆਂ।
2. ਬੀਮਾ ਕੰਪਨੀ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਪਾਬੰਦ ਹੋਵੇਗੀ ਕਿ ਡਿਸਚਾਰਜ ਕਰਨ ਸਮੇਂ ਸਬੰਧਤ ਹਸਪਤਾਲ ਵੱਲੋਂ ਮਰੀਜ ਨੂੰ ਲੋੜ ਅਨੁਸਾਰ 15 ਦਿਨ ਤੀਕ ਦੀ ਦਵਾਈ ਵੀ ਦਿੱਤੀ ਜਾਵੇਗੀ। ਐਮਰਜੈਂਸੀ ਵਿੱਚ ਆਪਣੇ ਤੌਰ ਪੁਰ ਕਰਵਾਏ ਇਲਾਜ ਦੇ ਖ਼ਰਚੇ ਸਬੰਧਤ ਨੂੰ ਡਾਕੂਮੈਂਟਸ ਮੁਕੰਮਲ ਕਰਾਉਣ ਉਪਰੰਤ ਵੀਹ ਦਿਨਾਂ ਦੇ ਅੰਦਰ-ਅੰਦਰ ਦੇਣੇ ਹੋਣਗੇ। ਆਪਣੇ ਤੌਰ ਪੁਰ ਕਰਵਾਏ ਇਲਾਜ ਦੀ ਇਤਲਾਹ ਹਸਪਤਾਲ ਵਿਖੇ ਦਾਖਲ ਹੋਣ ਤੇ 72 ਘੰਟੇ ਦੇ ਅੰਦਰ-ਅੰਦਰ ਜਾਂ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਪਹਿਲਾਂ ਕੰਪਨੀ ਨੂੰ ਦਿੱਤੀ ਜਾਵੇਗੀ ਅਤੇ ਕਲੇਮ ਲੈਣ ਲਈ ਡਾਕੂਮੈਂਟਸ ਡਿਸਚਾਰਜ ਹੋਣ ਤੋਂ 30 ਦਿਨਾਂ ਦੇ ਅੰਦਰ ਕੰਪਨੀ ਨੂੰ ਦਿੱਤੇ ਜਾਣਗੇ।
3. ਬੀਮਾਧਾਰਕ ਨੂੰ ਹਸਪਤਾਲ ਵੱਲੋਂ TPA ਦੇ ਅਪਰੂਵਲ ਦੀ ਉਡੀਕ ਕਰਨ ਲਈ ਨਹੀਂ ਕਿਹਾ ਜਾਵੇਗਾ।ਇਲਾਜ ਤੁਰੰਤ ਹੀ ਸ਼ੁਰੂ ਹੋਵੇਗਾ।ਇਸ ਸਬੰਧੀ ਇਲਾਜ ਵਿੱਚ ਹੋਈ ਦੇਰੀ ਲਈ ਕੰਪਨੀ ਅਤੇ TPA ਜੁਆਬ ਦੇਹ ਹੋਣਗੇ।TPA ਦਾ ਪੰਜਾਬ ਲੈਵਲ ਦਾ ਦਫ਼ਤਰ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਕਾਰਡ ਬਨਾਉਣ ਅਤੇ ਚਲ ਰਹੇ ਕੇਸਾਂ ਦੇ ਸਟੇਟਸ ਸਬੰਧੀ ਜਾਣਕਾਰੀ ਦੇਣ ਲਈ TPA ਦਾ ਇਕ ਮੁਲਾਜਮ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਪੱਕੇ ਤੌਰ ਪੁਰ ਰਹੇਗਾ।
4. ਦਾਖਲ ਹੋਣ ਤੋਂ 30 ਦਿਨ ਪਹਿਲਾਂ ਅਤੇ ਡਿਸਚਾਰਜ ਹੋਣ ਤੋਂ 60 ਦਿਨ ਬਾਅਦ ਕਰਵਾਏ ਉਕਤ ਟੈਸਟ ਅਤੇ ਦਵਾਈਆਂ ਕਿਸੇ ਵੀ ਬੀਮਾਰੀ, ਸੱਟ ਆਦਿ ਦੇ ਮੁਕੰਮਲ ਖ਼ਰਚੇ ਕੰਪਨੀ ਵੱਲੋਂ ਸਬੰਧਤ ਨੂੰ ਦੇਣੇ ਹੋਣਗੇ। ਡਿਸਚਾਰਜ ਹੋਣ ਉਪਰੰਤ ਡਾਕਟਰ ਵੱਲੋਂ ਸੁਝਾਏ ਇਲਾਜ ਦੇ ਮੁਕੰਮਲ ਹੋਣ ਉਪਰੰਤ ਹੀ ਇਹ ਡਾਕੂਮੈਂਟਸ ਕੰਪਨੀ ਨੂੰ 30 ਦਿਨਾਂ ਦੇ ਅੰਦਰ ਦਿੱਤੇ ਜਾਣਗੇ।
5. ਪੈਨਲ ਵਿਚਲੇ ਹਸਪਤਾਲਾਂ ਤੋਂ ਇਲਾਵਾ ਸਾਰੀਆਂ ਨਾਮਵਰ ਲੈਬੋਰਟਰੀਆਂ,ਡਾਈਗਨੋਸਿਸ ਸੈਂਟਰ, ਵਗੈਰਾ ਵੀ ਪੈਨਲ ਵਿੱਚ ਸ਼ਾਮਲ ਕਰਨੇ ਹੋਣਗੇ।ਜਿਥੇ ਕਾਰਡ ਧਾਰਕਾਂ ਦੇ ਟੈਸਟ,ਐਕਸਰੇ,ਅਲਟਰਾਸਾਊਂਡ,ਸੀ.ਟੀ.ਸਕੈਨ ਆਦਿ ਕੰਪਨੀ ਦੇ ਰੇਟਾਂ ਅਨੁਸਾਰ ਕਰਨੇ ਹੋਣਗੇ।ਪੈਨਲ ਵਾਲੇ ਹਸਪਤਾਲਾਂ ਵਿਖੇ ਕਾਰਡ ਧਾਰਕਾਂ ਪਾਸੋਂ ਕੰਨਸਲਟੇਸ਼ਨ ਫੀਸ ਨਹੀਂ ਲਈ ਜਾਵੇਗੀ।
6. ਕੈਸ਼ ਲੈਸ ਸਹੂਲਤ ਲਈ ਆਮ ਹਸਪਤਾਲ ਦੇ ਨਾਲ ਸਾਰੇ ਵੱਡੇ ਅਤੇ ਨਾਮੀ ਹਸਪਤਾਲ ਵੀ ਜ਼ਰੂਰੀ ਤੌਰ ਪੁਰ ਸ਼ਾਮਲ ਕਰਨੇ ਹੋਣਗੇ ਬੀਮਾਧਾਰਕ ਸਾਰੇ ਵੱਡੇ ਹਸਪਤਾਲ ਤੋਂ ਕੈਸ਼ ਲੈਸ ਇਲਾਜ ਕਰਵਾ ਸਕਣਗੇ ਜੋ ਕਿ ਦਫ਼ਤਰ ਸ਼੍ਰੋਮਣੀ ਕਮੇਟੀ ਵੱਲੋਂ ਸੁਝਾਏ ਜਾਂ ਸ਼ਾਮਲ ਹੋਣਗੇ।
7. ਬੀਮਾਧਾਰਕ ਕਿਸੇ ਵੀ ਇਲਾਜ ਪ੍ਰਣਾਲੀ ਰਾਹੀਂ ਇਲਾਜ ਕਰਵਾ ਸਕਣਗੇ ਜਿਵੇਂ ਕਿ ਨੈਚੂਰੋ ਪੈਥੀ, ਹੋਮੀਓਪੈਥੀ, ਆਯੂਰਵੈਦਿਕ ਆਦਿ।
8. ਹਸਪਤਾਲ ਵਿੱਚੋਂ ਛੁੱਟੀ ਹੋਣ ਤੋਂ ਬਾਅਦ ਦੇ 60 ਦਿਨਾਂ ਤੱਕ ਦੇ ਉਸ ਬੀਮਾਰੀ ਦੇ ਇਲਾਜ ਦਾ ਖਰਚਾ ਵੀ ਕੰਪਨੀ ਵੱਲੋਂ ਦਿੱਤਾ ਜਾਵੇਗਾ ਅਤੇ ਕਲੇਮ ਦੇ ਵਿੱਚ ਹੀ ਸ਼ਾਮਿਲ ਹੋਣਗੇ।
9. ਬੀਮਾ ਪਾਲਿਸੀ ਟੇਲਰ ਮੇਡ ਹੋਣ ਕਰਕੇ ਇਸ ਵਿੱਚ ਬੀਮਾਧਾਰਕ ਦੀ ਆਮਦਨ ਦੀ ਕੋਈ ਸ਼ਰਤ ਨਹੀਂ ਹੋਵੇਗੀ।
10. ਬੀਮਾ ਪਾਲਿਸੀਆਂ ਵਿੱਚ 80 ਸਾਲ ਤੀਕ ਦੀ ਉਮਰ ਦੇ ਮੁਲਾਜਮ/ਰਿਟਾਇਰ ਮੁਲਾਜਮ ਕਵਰ ਹੋਣਗੇ।

ਈ-ਮੇਲ :
info@sgpc.net

੧ੴ ਵਾਹਿਗੁਰੂ ਜੀ ਕੀ ਫ਼ਤਹ ॥

199/7-18/5000
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ।

ਨੰਬਰ__________ ਮਿਤੀ__________

11. ਸ਼ੂਗਰ ਨਾਲ ਪੈਰ ਗਲਣ ਦੀ ਹਾਲਤ ਵਿੱਚ ਜਾਂ ਉਸ ਦੇ ਲੰਬਾ ਇਲਾਜ ਚਲਣ ਦੀ ਹਾਲਤ ਵਿੱਚ ਉਸਦਾ ਭੁਗਤਾਨ ਇਲਾਜ ਅਨੁਸਾਰ ਕਰਨਾ ਹੋਵੇਗਾ। ਜਿਵੇਂ ਕਿ ਪਲਾਸਟਰ ਪੱਟੀਆਂ ਆਦਿ।
12. ਕੰਪਨੀ ਮੈਡੀਸਿਨ ਇਲਾਜ ਵਿੱਚ ਦਵਾਈਆਂ ਆਦਿ ਦਾ ਪੂਰਾ ਭੁਗਤਾਨ ਕਰੇਗੀ।
13. ਕਲੇਮ ਲੈਣ ਵੇਲੇ ਬੀਮਾਧਾਰਕ ਵੱਲੋਂ ਪੂਰੇ ਪੇਪਰ ਜਮ੍ਹਾਂ ਕਰਵਾਉਣੇ ਹੋਣਗੇ ਜਿਵੇਂ ਕਿ ਫਾਈਨਲ ਕਲੇਮ ਕਰਨ ਵਾਸਤੇ ਹਸਪਤਾਲ ਦੇ ਬਿੱਲ, ਕੈਸ਼ ਮੀਮੋਜ਼, ਰਿਪੋਰਟਸ ਅਤੇ ਕਲੇਮ ਫਾਰਮ ਆਦਿ।
14. ਸਬੰਧਤ ਕੰਪਨੀ ਮੁਲਾਜਮਾਂ ਨੂੰ ਕਾਰਡ ਬਣਾਉਣ ਲਈ ਦਿੱਤੇ ਫੋਟੋ ਫਾਰਮਾ ਉਪਰੰਤ 10 ਦਿਨਾਂ ਦੇ ਅੰਦਰ-ਅੰਦਰ ਕਾਰਡ ਮੁਹੱਈਆ ਕਰਵਾਉਣੇ ਹੋਣਗੇ।
15. ਬੀਮਾ ਧਾਰਕ ਨੂੰ ਦਾਖਲ ਹੋਣ ਤੇ ਏ.ਸੀ. ਕਮਰੇ ਦਿੱਤੇ ਜਾਣਗੇ। ਸਰਦੀਆਂ ਵਿੱਚ ਬਲੋਅਰ ਹਸਪਤਾਲ ਵੱਲੋਂ ਮੁਹੱਈਆ ਕਰਾਇਆ ਜਾਵੇਗਾ।
16. ਡਲਿਵਰੀ ਕੇਸਾਂ ਵਿੱਚ ਦੋ ਜੀਵਤ ਬੱਚੇ ਕਵਰ ਹੋਣਗੇ, ਖਰਾਬ ਹੋਏ ਕੇਸ ਨੂੰ ਡਲਿਵਰੀ ਕੇਸ ਨਹੀਂ ਮੰਨਿਆ ਜਾਵੇਗਾ। ਤੀਜੀ ਡਲਿਵਰੀ ਕਵਰ ਨਹੀਂ ਹੋਵੇਗੀ। **ਆਮ (Normal) ਡਲਿਵਰੀ ਕੇਸ ਲਈ ਵੱਧ ਤੋਂ ਵੱਧ ਖਰਚਾ 30000/- ਰੁਪਏ ਤੀਕ ਅਤੇ C-Sec. ਲਈ ਵੱਧ ਤੋਂ ਵੱਧ 50000/-ਰੁਪਏ ਤੀਕ ਹੀ ਖਰਚਾ ਦੇਣਾ ਹੋਵੇਗਾ।**
17. ਨਵਜੰਮਿਆ ਬੱਚਾ ਪਹਿਲੇ ਦਿਨ ਤੋਂ ਹੀ ਕਵਰ ਹੋਵੇਗਾ ਅਤੇ ਸਾਰੀ ਪਾਲਿਸੀ ਵਿੱਚ ਕਵਰ ਰਹੇਗਾ। ਨਵਜੰਮੇ ਬੱਚੇ ਦਾ ਇਲਾਜ 40 ਦਿਨ ਤੱਕ ਮਾਂ ਦੇ ਕਾਰਡ ਉਪਰ ਹੀ ਹੋਵੇਗਾ। ਮਾਂ ਅਤੇ ਨਵਜੰਮੇ ਬੱਚੇ ਦੇ pre-natal & post-natal ਖ਼ਰਚੇ ਕਵਰ ਹੋਣਗੇ। Pre-natal & Post-natal ਖ਼ਰਚੇ ਕਵਰ ਨਹੀਂ ਹੋਣਗੇ ਜੇ ਹਸਪਤਾਲ 'ਚ ਦਾਖਲ 'ਤੇ ਇਲਾਜ ਨਹੀਂ ਹੋਇਆ।
18. ਰਿਟਾਇਰ ਹੋਏ ਸ਼੍ਰੋਮਣੀ ਗੁ: ਪ੍ਰ: ਕਮੇਟੀ ਮੁਲਾਜਮਾਂ ਦਾ ਬੀਮਾ ਵੀ ਪ੍ਰਵਾਨਤ ਰੇਟਾਂ 'ਤੇ ਕਵਰ ਹੋਵੇਗਾ। ਇਹਨਾਂ ਦੀ ਪਾਲਿਸੀ ਵੱਖਰੀ ਹੋਵੇਗੀ।
19. ਮੁਲਾਜਮ ਅਤੇ ਉਸ ਦੀ ਪਤਨੀ, ਤਿੰਨ ਅਨਮੈਰਿਡ ਬੱਚੇ 25 ਸਾਲ ਦੀ ਉਮਰ ਤੱਕ ਕਵਰ ਹੋਣਗੇ। ਆਸ਼ਰਿਤ ਲੜਕੀ ਕਵਰ ਹੋਵੇਗੀ। ਅਨਮੈਰਿਡ ਲੜਕਾ 25 ਸਾਲ ਤਕ ਕਵਰ ਹੋਵੇਗਾ। ਇਕ ਪਰਿਵਾਰ ਦੇ ਪੰਜ ਮੈਂਬਰਾਂ ਤੀਕ ਦਾ ਇਕ ਯੂਨਿਟ ਹੋਵੇਗਾ। ਜਿਸ ਵਿੱਚ (ਵਿਆਹੇ/ਅਣਵਿਆਹੇ) ਮੁਲਾਜ਼ਮ ਦੇ ਮਾਤਾ-ਪਿਤਾ 80 ਸਾਲ ਦੀ ਉਮਰ ਤੀਕ ਕਵਰ ਹੋਣਗੇ।
20. ਵਿਆਹੀਆਂ ਔਰਤ ਮੁਲਾਜ਼ਮਾਂ ਤੇ ਨਿਰਭਰ/ਆਸ਼ਰਿਤ ਸੱਸ-ਸਹੁਰਾ ਜਾਂ ਮਾਤਾ-ਪਿਤਾ ਬੀਮਾ ਪਾਲਿਸੀ ਵਿੱਚ ਕਵਰ ਹੋਣਗੇ। ਬੀਮਾ ਕੰਪਨੀ ਵੱਲੋਂ ਵਿਆਹੀ ਔਰਤ ਤੇ ਨਿਰਭਰ/ਆਸ਼ਰਿਤ ਸੱਸ-ਸਹੁਰਾ ਜਾਂ ਮਾਤਾ-ਪਿਤਾ ਵਿੱਚੋਂ (ਜਿਸ ਦਾ ਵੀ ਔਰਤ ਮੁਲਾਜ਼ਮ ਮੈਡੀਕਲ ਬੀਮਾ ਕਰਾਉਣਾ ਚਾਹੇ) ਕਿਸੇ ਇੱਕ ਦਾ ਮੈਡੀਕਲ ਬੀਮਾ ਕਰਨਾ ਹੋਵੇਗਾ।
21. ਇਸ ਵਾਰ ਸਮੂੰਹ ਮੁਲਾਜ਼ਮਾਂ ਦਾ ਦੋ ਕੈਟਾਗਿਰੀ ਅਨੁਸਾਰ ਤਿੰਨ ਲੱਖ ਅਤੇ ਪੰਜ ਲੱਖ ਤੀਕ ਦਾ ਮੈਡੀਕਲ ਬੀਮਾ ਕੀਤਾ/ਕਰਵਾਇਆ ਜਾਵੇਗਾ। ਜੋ ਮੁਲਾਜਮ ਆਪਣੇ ਮਾਤਾ-ਪਿਤਾ/ਸੱਸ-ਸਹੁਰਾ ਦਾ ਨਾਮ ਬੀਮਾ ਪਲਿਸੀ ਵਿੱਚ ਸ਼ਾਮਿਲ ਕਰਵਾਉਣਾ ਚਾਹੁੰਦੇ ਹੋਣ, ਉਹਨਾਂ ਦਾ ਮੈਡੀਕਲ ਬੀਮਾ 500000/-ਰੁਪਏ ਦਾ ਹੀ ਕੀਤਾ/ਕਰਵਾਇਆ ਜਾਵੇਗਾ।

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

199/7-18/5000
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ।

ਨੰਬਰ__________ ਮਿਤੀ__________

## ਇਲਾਜ

1. ਨਵੀਆਂ ਅਤੇ ਪੁਰਾਣੀਆਂ ਬੀਮਾਰੀਆਂ (ਸਮੇਤ ਕਾਲਾ ਪੀਲੀਆ) ਪਹਿਲੇ ਦਿਨ ਤੋਂ ਹੀ ਕਵਰ ਹੋਣਗੀਆਂ। ਇਸ ਨਾਲ ਜਮਾਦਰੂ (genetic, congenital, heriditrary, circumcission,phimosis etc.) ਬੀਮਾਰੀਆਂ ਵੀ ਪਹਿਲੇ ਦਿਨ ਤੋਂ ਕਵਰ ਹੋਣਗੀਆਂ।
2. ਕਾਲੇ ਪੀਲੀਏ ਦੇ ਮਰੀਜ ਉਪਰ ਹਸਪਤਾਲ ਵਿਖੇ ਵਾਰ-ਵਾਰ 24 ਘੰਟੇ ਦਾਖਲ ਹੋਣ ਦੀ ਸ਼ਰਤ ਲਾਗੂ ਨਹੀਂ ਹੋਵੇਗੀ, ਪਹਿਲੀ ਵਾਰ ਹਸਪਤਾਲ ਵਿਖੇ ਦਾਖਲ ਹੋਣਾ ਜਰੂਰੀ ਹੋਵੇਗਾ। ਕਾਲੇ ਪੀਲੀਏ ਦੇ ਇਲਾਜ ਦਾ ਕਲੇਮ ਕੰਪਨੀ ਵੱਲੋਂ ਅਦਾ ਕਰਨਾ ਹੋਵੇਗਾ।
3. ਹੱਡੀਆਂ:- ਅੰਗ ਬਦਲਨੇ ਜਿਨ੍ਹਾਂ ਵਿੱਚ ਗੋਡੇ, ਚੂਲੇ, ਗੁਰਦੇ ਆਦਿ ਸਾਰੇ ਆਰਗਨ ਕਵਰ ਕਰਨੇ ਹੋਣਗੇ। ਅੰਗ ਕਿਸੇ ਵੀ ਪੈਨਲ ਵਾਲੇ ਹਸਪਤਾਲ ਤੋਂ ਬਦਲਵਾਏ ਜਾ ਸਕਣਗੇ। ਇਸ ਵਿੱਚ ਉਮਰ ਦੀ ਕੋਈ ਹੱਦ ਨਹੀਂ ਹੋਵੇਗੀ। ਜਿਨ੍ਹਾਂ ਦੇ 100% ਖ਼ਰਚੇ ਕੰਪਨੀ ਵੱਲੋਂ ਅਦਾ ਕਰਨੇ ਹੋਣਗੇ। ਅੰਗ ਦਾਨ ਕਰਨ ਵਾਲੇ ਪੁਰ ਹੋਏ ਖ਼ਰਚੇ ਵੀ ਕੰਪਨੀ ਵੱਲੋਂ ਦੇਣੇ ਹੋਣਗੇ। ਅੰਗ ਦਾਨ ਕਰਨ ਵਾਲੇ ਦੇ ਅਪ੍ਰੇਸ਼ਨ ਵਗੈਰਾ ਦੇ ਖ਼ਰਚੇ ਕੰਪਨੀ ਅਦਾ ਕਰੇਗੀ। ਬੀਮਾ ਕੰਪਨੀ ਵੱਲੋਂ ਹਸਪਤਾਲ ਨੂੰ ਇਲਾਜ ਦਾ ਖਰਚਾ ਪੰਨਾ ਨੰ: 04 ਦੇ ਸੀ:ਨੰ: 08, 09 ਤੇ 13 ਪੁਰ ਲਿਖੇ ਗਏ ਰੇਟ ਤੋਂ ਘੱਟ ਹੀ ਦੇਣਾ ਹੋਵੇਗਾ।
4. ਅੱਖਾਂ ਦੀਆਂ ਸਾਰੀਆ ਬਿਮਾਰੀਆਂ, ਮੋਤੀਆ ਬਿੰਦ ਦੇ ਆਪਰੇਸ਼ਨ ਉਪਰੰਤ ਜਰੂਰਤ ਪੈਣ 'ਤੇ ਇਮਪੋਰਟਡ ਲੈਨਜ਼ ਵੀ ਕਵਰ ਹੋਣਗੇ (ਜਿਨ੍ਹਾਂ ਦੇ ਮਾਰਕੇ ਬਾਰੇ TPA/ਕੰਪਨੀ ਵੱਲੋਂ ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਦਸਣਾ ਹੋਵੇਗਾ ਅਤੇ ਡਾਕਟਰਾਂ ਨੂੰ ਉਕਤ ਹੀ ਲੈਨਜ਼ ਪਾਉਣੇ ਹੋਣਗੇ। ਅੱਖਾਂ ਦੇ ਇਲਾਜ ਸਮੇਂ ਅੱਖ ਵਿੱਚੋਂ ਖੂਨ ਸਾਫ ਕਰਨ ਵਾਲਾ ਟੀਕਾ (Injection) ਵੀ ਕਵਰ ਹੋਵੇਗਾ। ਬੀਮਾ ਕੰਪਨੀ ਵੱਲੋਂ ਹਸਪਤਾਲ ਨੂੰ ਇਲਾਜ ਦਾ ਖਰਚਾ ਪੰਨਾ ਨੰ: 04 ਦੇ ਸੀ:ਨੰ: 10 ਪੁਰ ਲਿਖੇ ਗਏ ਰੇਟ ਤੋਂ ਘੱਟ ਹੀ ਦੇਣਾ ਹੋਵੇਗਾ। ਲੇਸਿਕ ਲੇਜ਼ਰ ਕਵਰ ਨਹੀਂ ਹੋਵੇਗਾ।
5. ਦੰਦਾਂ ਬਾਰੇ:- ਦੰਦ ਕੱਢਣੇ, ਦੰਦ ਲਾਉਣੇ, ਅਕਲ ਦਾੜ ਕੱਢਣੀ, ਫੁੱਲ ਡੈਂਚਰ, ਪਾਰਸ਼ਲ ਡੈਂਚਰ, ਰੂਟ ਕਨਾਲਿੰਗ, ਦੰਦਾਂ ਦੇ ਐਕਸਰੇ, ਸਕੇਲਿੰਗ ਆਦਿ ਕਵਰ ਕਰਨੇ ਹੋਣਗੇ। ਬੀਮਾ ਕੰਪਨੀ ਵੱਲੋਂ ਹਸਪਤਾਲ ਨੂੰ ਇਲਾਜ ਦਾ ਖਰਚਾ ਪੰਨਾ ਨੰ: 04 ਦੇ ਸੀ:ਨੰ: 06 ਪੁਰ ਲਿਖੇ ਗਏ ਰੇਟ ਤੋਂ ਘੱਟ ਹੀ ਦੇਣਾ ਹੋਵੇਗਾ। ਦੰਦਾ ਦਾ ਕੋਸਮੈਟਿਕ ਇਲਾਜ/ਵਾਇਰਿੰਗ ਤੇ ਪੱਕੇ ਦੰਦ ਲਗਾਉਣੇ ਕਵਰ ਨਹੀਂ ਹੋਣਗੇ।
6. ਦੰਦਾ ਦੇ ਇਲਾਜ ਲਈ ਹਸਪਤਾਲਾਂ ਦਾ ਪੈਨਲ ਕੰਪਨੀ ਵੱਲੋਂ ਦਿੱਤਾ ਜਾਵੇਗਾ। ਪੈਨਲ ਤੋਂ ਬਾਹਰ ਵਾਲੇ ਹਸਪਤਾਲਾਂ ਤੋਂ ਇਲਾਜ ਕਰਾਉਣ ਤੇ ਕੰਪਨੀ ਵੱਲੋਂ ਪੈਨਲ ਤੇ ਕੀਤੇ ਹਸਪਤਾਲਾਂ ਦੇ ਰੇਟਾਂ ਅਨੁਸਾਰ ਕਲੇਮ ਕੰਪਨੀ ਵੱਲੋਂ ਸਬੰਧਤ ਨੂੰ ਅਦਾ ਕੀਤਾ ਜਾਵੇਗਾ।
7. ਬਵਾਸੀਰ ਦਾ ਅਪ੍ਰੇਸ਼ਨ ਡਾਕਟਰਾਂ ਦੀ ਸਲਾਹ ਅਨੁਸਾਰ staple surgery ਰਾਹੀਂ ਕਵਰ ਹੋਣਗੇ।
8. ਮੁਲਾਜਮ/ਬੀਮਾ ਧਾਰਕ ਦੇ ਪਰਿਵਾਰਕ ਮੈਂਬਰ ਦਾ ਐਕਸੀਡੈਂਟ ਹੋ ਜਾਣ ਤੇ ਬੀਮਾ ਧਾਰਕ ਦੇ ਪਰਿਵਾਰਕ ਮੈਂਬਰ ਦੇ ਇਲਾਜ ਦਾ 100% ਖਰਚਾ, ਬੀਮਾ ਕੰਪਨੀ ਵੱਲੋਂ ਅਦਾ ਕਰਨਾ ਹੋਵੇਗਾ, ਹਸਪਤਾਲ ਵਿਖੇ 24 ਘੰਟੇ ਦਾਖਲ ਹੋਣ ਦੀ ਸ਼ਰਤ ਲਾਗੂ ਨਹੀਂ ਹੋਵੇਗੀ।
9. **ਬੀਮਾ ਕੰਪਨੀ ਵੱਲੋਂ ਹਸਪਤਾਲ ਪੈਨਲ ਵਿੱਚ ਕਰਨ ਸਮੇਂ ਹਸਪਤਾਲ ਨਾਲ MOU ਕਰਨ ਦੌਰਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਵੱਖ-ਵੱਖ ਬੀਮਾਰੀਆਂ ਦੇ ਇਲਾਜ ਲਈ ਨੀਯਤ ਕੀਤੇ ਗਏ ਰੇਟਾਂ ਤੋਂ ਘੱਟ ਰੇਟਾਂ ਪੁਰ ਹੀ ਪੈਨਲ ਵਿਚਲੇ ਹਸਪਤਾਲ ਵੱਲੋਂ ਇਲਾਜ ਕਰਨਾ ਯਕੀਨੀ ਹੋਵੇਗਾ। ਮਰੀਜ ਪਾਸੋਂ ਕਿਸੇ ਵੀ ਤਰ੍ਹਾਂ ਦੀ ਕੋਈ ਰਕਮ ਨਹੀਂ ਲਈ ਜਾਵੇਗੀ।**

**ਨੋਟ:-** ਬੀਮਾ ਪਾਲਸੀਆਂ ਵਿੱਚ ਕਿਸੇ ਵੀ ਏਜੰਟ ਨੂੰ ਕੋਈ ਵੀ ਕਮੀਸ਼ਨ ਨਹੀਂ ਦੇਣੀ ਹੋਵੇਗੀ।
ਟੀ.ਪੀ.ਏ. ਇੱਕ ਹੀ ਹੋਵੇਗਾ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਚੁਣਿਆ ਗਿਆ ਟੀ.ਪੀ.ਏ. ਰੱਖਣਾ ਹੋਵੇਗਾ।

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ।

ਨੰਬਰ__________ ਮਿਤੀ__________

**ਮੈਡੀਕਲ ਬੀਮਾ ਪਾਲਿਸੀ ਵਿੱਚ ਕੈਪਿੰਗ ਹੇਠ ਲਿਖੇ ਅਨੁਸਾਰ ਲਾਗੂ ਹੋਵੇਗੀ।**

| |
|---|
| 1. ਕਮਰੇ ਦਾ ਕਿਰਾਇਆ ਬੀਮਾ ਪਾਲਿਸੀ ਦਾ 1% ਹੋਵੇਗਾ। ਨਾਨ ਏ.ਸੀ. ਕਮਰੇ ਦਾ ਕਿਰਾਇਆ ਵੱਧ ਤੋਂ ਵੱਧ 3000/- ਅਤੇ ਏ.ਸੀ. ਕਮਰੇ ਦਾ ਕਿਰਾਇਆ ਵੱਧ ਤੋਂ ਵੱਧ 5000/-ਰੁਪਏ ਤੀਕ ਪ੍ਰਤੀ ਦਿਨ ਦਾ ਹੋਵੇਗਾ। |
| 2. ਆਈ.ਸੀ.ਯੂ. ਦਾ ਕਿਰਾਇਆ ਬੀਮਾ ਪਾਲਿਸੀ ਦਾ 1% ਹੋਵੇਗਾ। ਵੱਧ ਤੋਂ ਵੱਧ 5000/-ਰੁਪਏ ਤੀਕ ਪ੍ਰਤੀ ਦਿਨ ਹੋਵਗਾ। |
| 3. ਆਮ (Normal) ਡਲਿਵਰੀ ਕੇਸ ਲਈ 30000/-ਰੁਪਏ ਤੇ C-Sec. Both (ਸਿਜੇਰੀਅਨ) 50000/-ਰੁਪਏ |
| 4. ਕੰਜਰਵੇਟਿਵ ਇਲਾਜ ਲਈ ਕੋ-ਪੇ ਕਲੌਜ਼ ਨਹੀਂ ਹੋਵੇਗਾ। |
| 5. ਪੈਨਲ ਵਿਚਲੇ ਹਸਪਤਾਲਾਂ ਅਤੇ ਪੈਨਲ ਤੋਂ ਬਾਹਰੀ ਹਸਪਤਾਲਾਂ ਤੋਂ ਇਲਾਜ ਕਰਾਉਣ ਤੇ 15% ਕੋ-ਪੇ ਕਲੌਜ਼ ਨਹੀਂ ਹੋਵੇਗਾ। |
| 6. ਦੰਦਾ ਦੇ ਇਲਾਜ ਲਈ -<br>ੳ) ਦੰਦ ਕੱਢਣ : 100/-ਰੁਪਏ ਪ੍ਰਤੀ ਦੰਦ<br>ਅ) ਦੰਦ ਭਰਨ : 500/-ਰੁਪਏ ਪ੍ਰਤੀ ਦੰਦ (ਸਾਰੀਆਂ ਬੈਠਕਾਂ)<br>ੲ) ਆਰ.ਸੀ.ਟੀ. : 1200/-ਰੁਪਏ ਪ੍ਰਤੀ ਦੰਦ (ਸਾਰੀਆਂ ਬੈਠਕਾਂ)<br>ਸ) ਦੰਦ ਐਕਸਰੇ : 100/-ਰੁਪਏ ਪ੍ਰਤੀ ਐਕਸਰੇ<br>ਹ) ਬਰਿੱਜਿੰਗ : 1000/-ਰੁਪਏ ਪ੍ਰਤੀ ਦੰਦ (ਸਾਰੀਆਂ ਬੈਠਕਾਂ)<br>ਕ) ਪੱਕੇ ਦੰਦ ਲਾਉਣਾ ਬੀਮਾ ਪਾਲਿਸੀ ਵਿੱਚ ਸ਼ਾਮਿਲ ਨਹੀ ਹੋਵੇਗਾ। |
| 7. ਲੇਸਿਕ ਸਰਜਰੀ ਕਵਰ ਨਹੀਂ ਹੋਵੇਗੀ। |
| 8. Knee Replacement (Including implant)<br>ੳ) ਇੱਕ ਪਾਸੜ : 1,20000/-ਰੁਪਏ<br>ਅ) ਦੁਵੱਲਾ (ਦੋ ਪਾਸੜ) : 1,90000/-ਰੁਪਏ |
| 9. Hip Replacement<br>ੳ) ਇੱਕ ਪਾਸੜ : 1,15000/-ਰੁਪਏ<br>ਅ) ਦੁਵੱਲਾ (ਦੋ ਪਾਸੜ) : 1,90000/-ਰੁਪਏ |
| 10. ਮੋਤਿਆ ਬਿੰਦ : ਪ੍ਰਤੀ ਅੱਖ<br>ੳ) Phaco (including implant cost) : 20000/-ਰੁਪਏ<br>ਅ) MICS (including implant cost) : 25000/-ਰੁਪਏ |
| 11. ਹਰਨੀਆਂ<br>ੳ) ਲੈਪਰੋਸਕੋਪੀ : 30000/-ਰੁਪਏ<br>ਅ) Appendectomy (ਅਪੈਂਡਿਕਸ ਦਾ ਅਪ੍ਰੇਸ਼ਨ) ਉਪਨ/ਗੋਪ : 30000/-ਰੁਪਏ |
| 12. Hysterectomy (ਬੱਚੇਦਾਨੀ ਕੱਢਣ ਦਾ ਅਪ੍ਰੇਸ਼ਨ): 30000/-ਰੁਪਏ |
| 13. Calculas (ਪਿੱਤੇ ਦੀ ਪਥਰੀ ਦਾ ਇਲਾਜ)<br>ੳ) Lapcholecetecomy : 30000/-ਰੁਪਏ<br>ਅ) Lithotripsy/URS : 35000/-ਰੁਪਏ<br>ੲ) PCNL (ਗੁਰਦੇ ਦੀ ਪਥਰੀ ਦਾ ਇਲਾਜ): ਇੱਕ ਪਾਸੜ 30000/-ਰੁਪਏ ਦੁਵੱਲੇ (ਦੋ ਪਾਸੜ) 40000/-ਰੁਪਏ |
| 14. ਡਾਇਲਿਸਿਸ (ਤਰਲ ਦੀ ਲਾਗਤ ਸਮੇਤ) : ਪ੍ਰਤੀ ਬੈਠਕ (ਡਾਇਲਾਈਜ਼ਰ ਸਮੇਤ) 1500/-ਰੁਪਏ |
| 15. Retinal (ਅੱਖ ਦਾ ਅਪ੍ਰੇਸ਼ਨ): ਡੀਟੈਚਮੈਂਟ (ਪ੍ਰਤੀ ਅੱਖ 25000/-ਰੁਪਏ) |
| Angioplasty : 1,10000/-ਰੁਪਏ (ਸਟੰਟ ਦੀ ਲਾਗਤ ਸਮੇਤ) ਇੱਕ ਸਟੰਟ ਲਈ, ਐਨ.ਪੀ.ਪੀ.ਏ. ਦੇ ਅਨੁਸਾਰ ਵਾਧੂ ਸਟੰਟ ਲਾਗਤ, ਡਾਕਟਰ ਦੀ ਯਾਤਰਾ ਦੀ ਫੀਸ ਅਤੇ ਨਰਸਿੰਗ ਦੇ ਖਰਚਿਆਂ ਦੀ ਸੀਮਾਂ |
| ਬੀਮਾ ਕੰਪਨੀ ਨੂੰ ਬਰੋਕਰ ਬਗੈਰ ਸਿੱਧੇ ਹੀ ਸ਼੍ਰੋਮਣੀ ਕਮੇਟੀ ਨੂੰ ਪ੍ਰਸਤਾਵ ਭੇਜਣਾ ਚਾਹੀਦਾ ਹੈ। 80% ਕਲੇਮ ਅੰਮ੍ਰਿਤਸਰ ਵਿੱਚ ਹੁੰਦੇ ਹਨ ਅੰਮ੍ਰਿਤਸਰ ਵਿੱਚ ਮਹਿਰ ਟੀਮ ਦੁਆਰਾ ਚੁਣੇ ਗਏ 10-12 ਹਸਪਤਾਲ ਹੀ ਪੈਨਲ ਵਿੱਚ ਸ਼ਾਮਿਲ ਕਰਨੇ ਹੋਣਗੇ। |
| **ਨੋਟ:-** ਗਰੁੱਪ ਮੈਡੀਕਲ ਬੀਮਾ ਦੋ ਕੈਟਾਗਿਰੀ ਵਿੱਚ (300000/-ਰੁਪਏ ਅਤੇ 500000/-ਰੁਪਏ) ਕਰਵਾਇਆ ਜਾਵੇ। ਜੋ ਮੁਲਾਜਮ ਆਪਣੇ ਮਾਤਾ-ਪਿਤਾ ਦਾ ਨਾਮ ਬੀਮਾ ਪਲਿਸੀ ਵਿੱਚ ਸ਼ਾਮਿਲ ਕਰਵਾਉਣਾ ਚਾਹੁੰਦੇ ਹੋਣ, ਉਹਨਾਂ ਦਾ ਮੈਡੀਕਲ ਬੀਮਾ 500000/-ਰੁਪਏ ਦਾ ਹੀ ਕੀਤਾ/ਕਰਵਾਇਆ ਜਾਵੇਗਾ। |

## POLICY DATA

| | |
|---|---|
| Policy Number | OG-19-1113-8403-00000029 |
| Partner Desc | SHIROMANI GURDWARA PARBANDHAK COMMITTEE |
| Risk Inc Date | March 30, 2018 |
| Risk Expiry Date | March 29, 2019 |
| Policy Age | December 10, 1900 |
| Policy Period | December 30, 1900 |
| Today's Date | March 9, 2019 |

## Cashless Vs Reimbursement Claim Summary

| Claim Type | Claim Count | Claim Count % | Incurred Amt | Incurred Amt% |
|---|---|---|---|---|
| Cashless | 5619 | 88.56% | 200848503 | 92.84% |
| Reimbursement | 726 | 11.44% | 14694805 | 7.16% |
| | **Total** | **100.00%** | **215543308** | **100.00%** |

## CLAIMS Summary

| | Cashless | | | Reimbursement | | | Overall | | |
|---|---|---|---|---|---|---|---|---|---|
| | Claim Count | Incurred Amt | Claim Severity | Claim Count | Incurred Amt | Claim Severity | Claim Count | Incurred Amt | Claim Severity |
| APPROVED | 4,147 | 153,762,276 | 37,078 | 463 | 12,769,245 | 27,579 | 4,610 | 166,531,521 | 36,124 |
| WITHOUT PAYMENT | 70 | | | 173 | | | 243 | | |
| OUTSTANDING | 1,399 | 47,086,227 | 33,657 | 65 | 1,925,560 | 29,624 | 1,464 | 49,011,787 | 33,478 |
| REPUDATION | 3 | | | 25 | | | 28 | | |
| Sum: | **5,619** | **200,848,503** | **35,745** | **726** | **14,694,805** | **14,694,079** | **6,345** | **215,543,308** | **33,971** |

## PREMIUM AND PROFITABILITY

| | |
|---|---|
| Gross Premium | 164383458 |
| Net Premium | 139308015 |
| Earned Premium | 131674699 |

| | |
|---|---|
| Incurred Claims (Paid + Ostd) | 215543308 |
| Incurred Claims Closed w/o pay | 3057413 |
| IBNR (@ 4%) | 8425862 |
| IBNR Included Incurred Claim Amount | 227026583 |